This question paper contains 3 printed pages]

*Your Roll No.............*

**256 (A)**

**B.A. (PROGRAMME)/I Sem.** **B**

**(T)**

PUNJABI DISCIPLINE (B)—Paper I A

**(Optional)**

(For Students who have studied Punjabi upto 10th)

(Admissions of 2011 and after)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

**ਨੋਟ** :– ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ ।

1. 'ਤੋਸ਼ਾਲੀ ਦੀ ਹੰਸੋ' ਨਾਵਲ ਨੂੰ ਤੁਸੀਂ ਕਿਥੋਂ ਤਕ ਇਤਿਹਾਸਕ ਨਾਵਲ ਕਹਿ ਸਕਦੇ ਹੋ ? ਲੇਖਕ ਦੇ ਵਿਚਾਰ ਅਤੇ ਨਾਵਲ ਵਿਚਲੀ ਕਹਾਣੀ ਦੇ ਆਧਾਰ 'ਤੇ ਚਰਚਾ ਕਰੋ ।

ਜਾਂ

ਨਾਵਲ 'ਤੋਸ਼ਾਲੀ ਦੀ ਹੰਸੋ' ਦੀ ਕਥਾ ਦੇ ਬਿਰਤਾਂਤ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ । 15

2. 'ਛਾਂਗਿਆ ਰੁੱਖ' ਸ੍ਵੈ-ਜੀਵਨੀ ਦਲਿਤ ਵਿਚਾਰਧਾਰਾ ਨਾਲ ਜੁੜੀ ਰਚਨਾ ਹੈ, ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ ? ਲੇਖਕ ਵਲੋਂ ਪੇਸ਼ ਕੀਤੇ ਵੇਰਵਿਆਂ ਦੇ ਆਧਾਰ 'ਤੇ ਵਿਚਾਰ ਕਰੋ ।

ਜਾਂ

'ਛਾਂਗਿਆ ਰੁੱਖ' ਨੂੰ ਸ੍ਵੈ-ਜੀਵਨੀ ਦੇ ਆਧਾਰ 'ਤੇ ਪਰਖੋ ਅਤੇ ਇਸਦੇ ਕੁਝ ਉਘੜਵੇਂ ਲੱਛਣਾਂ ਬਾਰੇ ਚਰਚਾ ਕਰੋ । 15

3. ਪੰਜਾਬੀ ਭਾਸ਼ਾ ਦੇ ਸੁਰ ਕਿੰਨੇ ਹਨ ? 'ਸੁਰ ਵਾਹਕ' ਕਿਹੜੇ ਹਨ ? 5

4. 'ਰਜਿਸਟਰ' ਬਾਰੇ ਤੁਸੀਂ ਕੀ ਜਾਂਣਦੇ ਹੋ ? ਪੰਜਾਬੀ ਭਾਸ਼ਾ ਦੇ ਰਜਿਸਟਰਾਂ ਬਾਰੇ ਸੰਖੇਪ ਜਾਣਕਾਰੀ ਦਿਉ । 5

5. (ੳ) 'ਉਪਮਾ' ਤੇ 'ਰੂਪਕ' ਅਲੰਕਾਰ ਵਿਚ ਕੀ ਅੰਤਰ ਹੈ ? ਉਦਾਹਰਨਾਂ ਦੇ ਕੇ ਸਮਝਾਉ । 5

(ਅ) ਹੇਠਾਂ ਦਿੱਤੇ ਅਲੰਕਾਰਾਂ ਵਿਚੋਂ ਕਿਸੇ ਦੋ ਬਾਰੇ ਉਦਾਹਰਨਾਂ ਸਹਿਤ ਜਾਣਕਾਰੀ ਦਿਉ :

ਅਤਿਕਥਨੀ, ਅਨੁਪ੍ਰਾਸ, ਜਮਕ । 10

6. ਪੁਸਤਕਾਂ 'ਤੋਸ਼ਾਲੀ ਦੀ ਹੰਸੋ' ਅਤੇ 'ਛਾਂਗਿਆ ਰੁੱਖ' ਵਿਚੋਂ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

(*i*) ਤੋਸ਼ਾਲੀ ਸ਼ਹਿਰ ਦੀਆਂ ਕੀ ਖ਼ਾਸ ਵਿਸ਼ੇਸ਼ਤਾਵਾਂ ਹਨ ?

(*ii*) 'ਤੋਸ਼ਾਲੀ ਦੀ ਹੰਸੋ' ਨਾਵਲ ਵਿਚ ਯੁੱਧ ਕਿਹੜੀਆਂ ਧਿਰਾਂ ਵਿਚਕਾਰ ਹੋਇਆ ਤੇ ਕਿਉਂ ?

(*iii*) ਤੋਸ਼ਾਲੀ ਦੇ ਲੋਕਾਂ ਦਾ ਆਧਾਰ ਕਿਹੜੀ ਵਿਚਾਰਧਾਰਾ ਸੀ ?

(*iv*) 'ਤੋਸ਼ਾਲੀ ਦੀ ਹੰਸੋ' ਕਿੰਨੇ ਸਾਲ ਪੁਰਾਣੇ ਇਤਿਹਾਸ ਦੀ ਪੇਸ਼ਕਾਰੀ ਕਰਦਾ ਹੈ ?

(*v*) 'ਤੋਸ਼ਾਲੀ ਦੀ ਹੰਸੋ' ਨਾਵਲ ਵਿਚੋਂ ਤੁਹਾਨੂੰ ਕਿਹੜੇ ਪਾਤਰ ਨੇ ਟੁੰਬਿਆ ਹੈ ਤੇ ਕਿਉਂ ?

(*vi*) 'ਜ਼ਿੰਦਗੀ ਤੇ ਮੌਤ ਵਿਚਾਲੇ' ਕਾਂਡ ਨਾਲ ਕਿਹੜੀ ਘਟਨਾ ਜੁੜੀ ਹੋਈ ਹੈ ?

(*vii*) 'ਛਾਂਗਿਆ ਰੁੱਖ' ਸ੍ਵੈ-ਜੀਵਨੀ ਨੂੰ ਤੁਸੀਂ ਕਿਸ ਵਿਚਾਰਧਾਰਾ ਨਾਲ ਜੋੜੋਗੇ ?

(*viii*) ਲੇਖਕ ਨੇ ਆਪਣੀ ਸ੍ਵੈ-ਜੀਵਨੀ ਦਾ ਮੂਲ ਮਨੋਰਥ ਕੀ ਦਸਿਆ ਹੈ ?

(*ix*) 'ਛਾਂਗਿਆ ਰੁੱਖ' ਵਿਚੋਂ ਤਹਾਨੂੰ ਕਿਹੜਾ ਕਾਂਡ ਪਸੰਦ ਹੈ ਤੇ ਕਿਉ ?

(*x*) "ਮੇਰੀ ਦਾਦੀ-ਇਕ ਇਤਿਹਾਸ" ਕਾਂਡ ਵਿਚ ਲੇਖਕ ਨੇ ਆਪਣੀ ਦਾਦੀ ਨੂੰ ਇਤਿਹਾਸ ਕਿਉਂ ਕਿਹਾ ? 10×2=20